

The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
- Home Cleaning
- Carpet Cleaning
- Floor Polishing
- Water Blaster
- Lawn Mowing

Carpet Cleaning
3 Bedroom $95
5 Bedroom $135

- ਹੋਮ ਕਲੀਨਿੰਗ
- ਕਾਰਪੇਟ ਕਲੀਨਿੰਗ
- ਫਲੋਰ ਪੋਲਿਸ਼ਿੰਗ
- ਵਾਟਰ ਬਲਾਸਟਰ
- ਲਾਅਨ ਮੁਵਿੰਗ

ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

08 November 2018 Daily, editornztasveer@gmail.com designnztasveer@gmail.com Ph/Fax: 09 390 4644 FREE

ਇਸ ਹਫਤੇ ਨਿਊਜ਼ੀਲੈਂਡ 'ਚ ਵੀਰਵਾਰ ਤੋਂ ਸ਼ਨੀਵਾਰ ਤੱਕ ਭਾਰੀ ਬਾਰਿਸ਼ ਦੀ ਸੰਭਾਵਨਾ

Gisborne/Hawke's Bay Radar
Wellington Radar
Westland Radar
Canterbury Radar

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਵਿੱਚ ਇਸ ਹਫਤੇ ਤਾਪਮਾਨ 30 ਤੱਕ ਪੁੱਜ ਸਕਦਾ ਹੈ ? ਦੱਸਣਯੋਗ ਹੈ ਕਿ ਅਜਿਹਾ ਆਸਟ੍ਰੇਲੀਆ ਦੇ ਤਾਸਮਾਨ ਤੋਂ ਚੱਲਣ ਵਾਲੀਆਂ ਗਰਮ ਹਵਾਂਵਾਂ ਦੇ ਚੱਲਦੇ ਹੋ ਰਿਹਾ ਹੈ। ਮੈੱਟ ਸਰਵਿਸ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਊਥ ਅਤੇ ਨੋਰਥ ਆਈਲੈਂਡ ਵਿੱਚ ਤਾਪਮਾਨ 30 ਤੱਕ ਰਹੇਗਾ ਅਤੇ ਬੁੱਧਵਾਰ ਨੂੰ ਕ੍ਰਾਈਸਚਰਚ ਵਿੱਚ 25 ਅਤੇ ਟੀਮਾਰੂ ਅਤੇ ਬਲੈਮਹੈਮ ਵਿੱਚ 24 ਤੱਕ ਤਾਪਮਾਨ ਰਹੇਗਾ ? ਵੀਰਵਾਰ ਤੋਂ ਸ਼ਨੀਵਾਰ ਤੱਕ ਭਾਰੀ ਬਾਰਿਸ਼ ਵੀ ਹੋ ਸਕਦੀ ਹੈ ।

ਖੇਡ ਰਿਹਾ ਬੱਚਾ ਡਿੱਗਿਆ ਸਮੁੰਦਰ 'ਚ, ਫਰਿਸ਼ਤਾ ਬਣ ਕੇ ਪੁੱਜਾ ਮਛੇਰਾ

ਵਲਿੰਗਟਨ— (ਐਨੱ ਜੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ 'ਚ ਗਿਊਸ ਹਟ ਨਾਂ ਦੇ ਇਕ ਮਛੇਰੇ ਨੂੰ ਸਮੁੰਦਰ 'ਚ ਡੁੱਬਦਾ ਹੋਇਆ ਇਕ ਬੱਚਾ ਦਿਖਾਈ ਦਿੱਤਾ ਅਤੇ ਉਸ ਨੇ ਉਸ ਨੂੰ ਸੁਰੱਖਿਅਤ ਬਚਾ ਲਿਆ। ਉਸ ਨੇ ਦੱਸਿਆ ਕਿ ਪਹਿਲਾਂ ਤਾਂ ਦੂਰ ਤੋਂ ਉਸ ਨੂੰ ਇਹ ਬੱਚਾ ਇਕ ਤੈਰਦੀ ਹੋਈ ਗੁੱਡੀ ਵਰਗਾ ਦਿਖਾਈ ਦੇ ਰਿਹਾ ਸੀ ਪਰ ਬਾਅਦ 'ਚ ਉਸ ਨੂੰ ਸੱਚ ਸਮਝ 'ਚ ਆਇਆ। ਉਸ ਨੇ ਦੱਸਿਆ ਕਿ ਤੇਜ਼ ਲਹਿਰਾਂ 'ਚ ਬੱਚਾ ਕਿਸੇ ਵੀ ਸਮੇਂ ਡੁੱਬ ਸਕਦਾ ਸੀ ਪਰ ਪ੍ਰਮਾਤਮਾ ਦੀ ਕ੍ਰਿਪਾ ਨਾਲ ਬੱਚਾ ਬਚ ਗਿਆ।ਗਿਊਸ ਹਟ 26 ਅਕਤੂਬਰ ਦੀ ਸਵੇਰ ਤਕਰੀਬਨ ਸਵਾ ਸੱਤ ਵਜੇ ਸਮੁੰਦਰ ਕਿਨਾਰੇ ਮੱਛੀਆਂ ਫੜਨ ਵਾਲੇ ਜਾਲ ਦੀ ਜਾਂਚ ਕਰ ਰਿਹਾ ਸੀ। ਤਦ ਹੀ ਉਸ ਨੇ ਕੁੱਝ ਦੇਖਿਆ ਅਤੇ ਉਸ ਨੂੰ ਲੱਗਾ ਕਿ ਕਿਸੇ ਬੱਚੇ ਦਾ ਖਿਡੌਣਾ ਪਾਣੀ 'ਚ ਤੈਰ ਰਿਹਾ ਹੈ ਪਰ ਜਦ ਉਸ ਨੂੰ ਬੱਚੇ ਦੇ ਰੋਣ ਦੀ ਆਵਾਜ਼ ਸੁਣੀ ਤਾਂ ਪਤਾ ਲੱਗਾ ਕਿ ਇਹ ਬੱਚਾ ਹੈ। ਜਾਣਕਾਰੀ ਮੁਤਾਬਕ ਮਟਾਟ ਬੀਚ 'ਤੇ ਬੱਚੇ ਦਾ ਪਰਿਵਾਰ ਰਹਿੰਦਾ ਹੈ ਅਤੇ 18 ਮਹੀਨਿਆਂ ਦਾ ਇਹ ਬੱਚਾ ਆਪਣੇ ਪਰਿਵਾਰ ਦੇ ਟੈਂਟ 'ਚੋਂ ਨਿਕਲ ਕੇ ਬਾਹਰ ਆਇਆ ਤੇ ਸਮੁੰਦਰ 'ਚ ਡਿੱਗ ਗਿਆ। ਬੱਚੇ ਦਾ ਇਸ ਤਰ੍ਹਾਂ ਬਚ ਜਾਣਾ ਚਮਤਕਾਰੀ ਦੱਸਿਆ ਜਾ ਰਿਹਾ ਹੈ ਕਿਉਂਕਿ ਮਛੇਰਿਆਂ ਨੇ ਦੱਸਿਆ ਕਿ ਉਨ੍ਹਾਂ ਨੇ ਰੋਜ਼ਾਨਾ ਤੋਂ ਵੱਖਰੇ ਥਾਂ 'ਤੇ ਮੱਛੀਆਂ ਫੜਨ ਦਾ ਮਨ ਬਣਾਇਆ ਸੀ। ਪਰਿਵਾਰ ਨੇ ਕਿਹਾ ਕਿ ਮਛੇਰਾ ਬੱਚੇ ਲਈ ਫਰਿਸ਼ਤਾ ਬਣ ਕੇ ਆਇਆ ਕਿਉਂਕਿ ਜੇਕਰ ਉਹ ਉੱਥੇ ਨਾ ਹੁੰਦਾ ਤਾਂ ਸ਼ਾਇਦ ਬੱਚੇ ਦਾ ਬਚਣਾ ਮੁਸ਼ਕਲ ਹੋ ਜਾਂਦਾ। ਬੱਚਾ ਬਿਲਕੁਲ ਠੀਕ ਹੈ ਅਤੇ ਆਪਣੇ ਪਰਿਵਾਰ ਕੋਲ ਹੈ।

ਆਰਜ਼ੀ ਵੀਜ਼ੇ ਲਈ ਵਰਤੇ ਜਾਂਦੇ ਜੁਗਾੜਾਂ ਦੀ ਜਾਂਚ ਹੋਵੇਗੀ

ਆਕਲੈਂਡ, - ਨਿਊਜ਼ੀਲੈਂਡ ਚ ਪ੍ਰਵਾਸੀਆਂ ਦੀ ਆਮਦ ਦੌਰਾਨ ਕੱਚਿਆਂ ਪ੍ਰਵਾਸੀਆਂ ਦੀਆਂ ਮੁਸੀਬਤਾਂ ਅਤੇ ਮੁਸ਼ਕਲਾਂ ਦੀ ਸੂਚੀ ਵਿਚ ਕੰਮ ਵਾਲੀਆਂ ਥਾਵਾਂ ਤੇ ਸ਼ੋਸ਼ਣ ਮੁੱਖ ਹੈ। ਜਦੋਂ ਦੇ ਏਸ਼ਿਆਈ ਦੇਸ਼ਾਂ ਦੇ ਲੋਕ ਏਥੇ ਵਧੇ ਹਨ, ਉਨ੍ਹਾਂ ਦੇ ਜੁਗਾੜ ਸਰਕਾਰ ਨੂੰ ਸ਼ਸ਼ੋਪੰਜ ਵਿਚ ਪਾਈ ਰੱਖਦੇ ਹਨ ਕਿ ਗ਼ਲਤੀ ਕਿੱਥੇ ਹੋ ਰਹੀ ਹੈ ਅਤੇ ਕਿਵੇਂ ਕਾਬੂ ਪਾਇਆ ਜਾਵੇ ? ਫਿਰ ਕੋਈ ਨਾ ਕੋਈ ਹੋਰ ਰਸਤਾ ਲੱਭ ਲਿਆ ਜਾਂਦਾ ਹੈ। ਇਸ ਸੰਬੰਧ ਵਿੱਚ ਸਰਕਾਰ ਨੇ ਐਲਾਨ ਕੀਤਾ ਹੈ ਕਿ ਆਕਲੈਂਡ ਯੂਨੀਵਰਸਿਟੀ ਤੇ ਮਨਿਸਟਰੀ ਆਫ ਬਿਜ਼ਨਸ, ਇਨੋਵੇਸ਼ਨ ਅਤੇ ਇੰਪਲਾਇਮੈਂਟ ਕੋਲੋਂ ਸ਼ੋਸ਼ਣ ਕਰਨ ਵਾਲੇ ਜੁਗਾੜਾਂ ਦੀ ਡੂੰਘੀ ਖੋਜ ਕਰਵਾਈ ਜਾਵੇਗੀ ਤਾਂ ਕਿ ਪਤਾ ਲੱਗ ਸਕੇ ਕਿ ਕਹਾਣੀ ਕਿੱਥੇ ਤੇ ਕਿਵੇਂ ਵਿਗੜੀ ਹੈ। ਇਕ ਯੂਨੀਅਨ ਦੇ ਨਾਲ ਮੀਟਿੰਗ ਦੌਰਾਨ ਇਮੀਗ੍ਰੇਸ਼ਨ ਮੰਤਰੀ ਨੇ ਇਹ ਗੱਲ ਕਹੀ ਹੈ ਅਤੇ ਵਰਕ ਪਾਸਪੋਰਟ, ਜੋ ਪ੍ਰਵਾਸੀ ਕਾਮਿਆਂ ਲਈ ਗਾਈਡ ਹੈ, ਬਾਰੇ ਵੀ ਐਲਾਨ ਕੀਤਾ ਗਿਆ। ਖੋਜ ਕਾਰਜਾਂ ਵਿਚ ਪ੍ਰਵਾਸੀ ਕਾਮਿਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵਿਚਾਰ ਲਏ ਜਾਣਗੇ ਤੇ ਘੁੰਢੀਆ ਪੁੱਛੀਆਂ ਜਾਣਗੀਆਂ।

ਦਸਮੇਸ਼ ਸਪੋਰਟਸ ਕਲੱਬ ਨੇ ਅੱਧੇ ਅੰਕ ਨਾਲ ਸ਼ਰਨ ਬੱਲ ਸਪੋਰਟਸ ਕਲੱਬ ਨੂੰ ਹਰਾ ਕੇ 2100 ਡਾਲਰ ਦਾ ਇਨਾਮ ਜਿੱਤਿਆ

ਆਕਲੈਂਡ (ਐਨ ਜ਼ੈੱਡ ਤਸਵੀਰ ਬਿਊਰੋ) ਸਿੱਖ ਸੁਸਾਇਟੀ ਟੌਰੰਗਾ ਦੀ ਨਿਗਰਾਨੀ ਹੇਠ ਗੁਰਦੁਆਰਾ ਕਲਗੀਧਰ ਸਾਹਿਬ ਟੌਰੰਗਾ ਅਤੇ ਟਾਈਗਰ ਸਪੋਰਟਸ ਕਲੱਬ ਟੌਰੰਗਾ ਵੱਲੋਂ ਕਬੱਡੀ ਟੂਰਨਾਮੈਂਟ ਕਰਵਾਏ ਗਏ। ਕਬੱਡੀ ਫ਼ੈਡਰੇਸ਼ਨ ਵੱਲੋਂ ਕਰਵਾਏ ਜਾ ਰਹੇ ਟੂਰਨਾਮੈਂਟਾਂ ਦੀ ਕੜੀ ਦੌਰਾਨ ਟੌਰੰਗਾ 'ਚ ਕਰਵਾਏ ਗਏ ਦੂਜੇ ਟੂਰਨਾਮੈਂਟ 'ਚ ਦਸਮੇਸ਼ ਸਪੋਰਟਸ ਕਲੱਬ ਟੀਪੁੱਕੀ ਨੇ ਫਸਵੇਂ ਮੁਕਾਬਲੇ ਦੌਰਾਨ ਜਿੱਤ ਦਾ ਝੰਡਾ ਗੱਡਿਆ। ਜਿਸ ਮੌਕੇ ਹੋਰ ਵੀ ਕਈ ਖੇਡਾਂ ਕਰਵਾਈਆਂ ਗਈਆਂ ਅਤੇ ਕਬੱਡੀ ਪ੍ਰੇਮੀਆਂ ਤੇ ਖੇਡ ਦਰਸ਼ਕਾਂ ਨੇ ਖ਼ੂਬ ਅਨੰਦ ਮਾਣਿਆ। ਕਬੱਡੀ ਦੇ ਫਾਈਨਲ ਮੁਕਾਬਲੇ 'ਚ ਦਸਮੇਸ਼ ਸਪੋਰਟਸ ਕਲੱਬ ਸਾਢੇ 30 ਅੰਕ ਹਾਸਲ ਕਰਕੇ ਅੱਧੇ ਅੰਕ ਦੇ ਫਰਕ ਨਾਲ ਜੇਤੂ ਰਹਿਆ ਅਤੇ 21 ਸੌ ਡਾਲਰ ਇਨਾਮ ਜਿੱਤਿਆ। ਸ਼ਰਨ ਬੱਲ ਸਪੋਰਟਸ ਕਲੱਬ ਦੇ ਖਿਡਾਰੀਆਂ ਨੇ ਵੀ ਵਧੀਆ ਕਾਰਗੁਜ਼ਾਰੀ ਵਿਖਾ ਕੇ 30 ਅੰਕ ਪ੍ਰਾਪਤ ਕਰਕੇ ਸਮੁੱਚੇ ਟੂਰਨਾਮੈਂਟ ਦੌਰਾਨ ਦੂਜਾ ਸਥਾਨ ਹਾਸਲ ਕਰਕੇ 18 ਸੌ ਡਾਲਰ ਇਨਾਮ ਜਿੱਤਿਆ। ਕਬੱਡੀ ਦੇ ਮੈਚਾਂ ਦੌਰਾਨ ਵਧੀਆ ਕਾਰਗੁਜ਼ਾਰੀ ਵਿਖਾਉਣ ਬਦਲੇ ਸ਼ਰਨ ਬੱਲ ਸਪੋਰਟਸ ਕਲੱਬ ਦੇ ਖਿਡਾਰੀ ਮੁਸਕਾਨ ਅਤੇ ਦਸਮੇਸ਼ ਸਪੋਰਟਸ ਕਲੱਬ ਟੀਪੁੱਕੀ ਦੇ ਖਿਡਾਰੀ ਨੀਨਾ ਖਜੂਰਲਾ ਨੂੰ ਵਧੀਆ ਧਾਵੀ ਤੇ ਸ਼ਰਨ ਬੱਲ ਸਪੋਰਟਸ ਕਲੱਬ ਦੇ ਖਿਡਾਰੀ ਮੁਸਕਾਨ ਨੂੰ ਵੀ ਵਧੀਆ ਧਾਵੀ ਅਤੇ ਨਿਰਵੈਰ ਬੱਲਨਾਓਂ ਨੂੰ ਵਧੀਆ ਜਾਫੀ ਐਲਾਨਿਆ ਗਿਆ। ਪਹਿਲੇ ਮੈਚ ਦੌਰਾਨ ਸ਼ਰਨ ਬੱਲ ਸਪੋਰਟਸ ਕਲੱਬ ਨੇ ਸਾਢੇ 27 ਅੰਕ ਹਾਸਲ ਕਰਕੇ ਟਾਈਗਰ ਸਪੋਰਸਟ ਕਲੱਬ ਟੌਰੰਗਾ (25 ਅੰਕ) ਨੂੰ ਹਰਾਇਆ। ਦੂਜੇ ਮੈਚ 'ਚ 27 ਅੰਕ ਲੈ ਕੇ ਦਸਮੇਸ਼ ਸਪੋਰਟਸ ਕਲੱਬ ਟੀਪੁੱਕੀ ਨੇ ਦੇਸ ਪੰਜਾਬ ਕਲੱਬ (ਸਾਢੇ 21) ਨੂੰ ਹਰਾਇਆ। ਤੀਜੇ ਮੈਚ 'ਚ ਸ਼ਰਨ ਬੱਲ ਸਪੋਰਟਸ ਕਲੱਬ ਨੇ ਸਾਢੇ 31 ਅੰਕ ਲੈ ਕੇ ਵਾਇਆਕਾਟੋ ਸਪੋਰਟਸ ਕਲੱਬ (27 ਅੰਕ) ਨੂੰ ਹਰਾਇਆ। ਚੌਥੇ ਮੈਚ ਦੌਰਾਨ ਦਸਮੇਸ਼ ਸਪੋਰਟਸ ਕਲੱਬ ਨੇ 34 ਅੰਕ ਲੈ ਕੇ ਪਹਿਲਾ ਥਾਂ ਹਾਸਲ ਕੀਤਾ ਜਦੋਂ ਕਿ ਕਲਗੀਧਰ ਅਜ਼ਾਦ ਸਪੋਰਟਸ ਕਲੱਬ ਨੂੰ ਸਾਢੇ 26 ਅੰਕ ਮਿਲੇ। ਇਸ ਮੌਕੇ ਪੰਜਾਬੀਆਂ ਦੇ ਡੌਲਿਆਂ ਦਾ ਜ਼ੋਰ ਪਰਖਣ ਲਈ ਕਰਵਾਈ ਗਈ ਰੱਸਾਕਾਸ਼ੀ ਦੇ ਮੁਕਾਬਲੇ ਦੌਰਾਨ ਟੌਰੰਗਾ ਦੀ ਟੀਮ ਨੇ ਟੀਪੁੱਕੀ ਦੀ ਟੀਮ ਨੂੰ ਦੋ ਅੰਕਾਂ ਦੇ ਫਰਕ ਨਾਲ ਹਰਾਇਆ ਅਤੇ ਸਾਢੇ 500 ਡਾਲਰ ਇਨਾਮ ਜਿੱਤਿਆ। ਵਾਲੀਬਾਲ ਮੁਕਾਬਲਿਆਂ ਦੌਰਾਨ ਕੈਪਟਨ ਬਿਕਰਮਜੀਤ ਸਿੰਘ ਮੱਟਰਾਂ ਦੀ ਅਗਵਾਈ 'ਚ ਪਾਪਾਟੋਏਟੋਏ ਵਾਰੀਅਰ ਨੇ ਪਹਿਲਾ ਸਥਾਨ ਲੈ ਕੇ ਨਗਦ ਇਨਾਮ ਅਤੇ ਟਰਾਫੀ 'ਤੇ ਕਬਜ਼ਾ ਕੀਤਾ। ਲਾਹੌਰੀਏ ਵਾਰੀਅਰ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਟੀਮ 'ਚ ਲਹਿੰਦੇ ਪੰਜਾਬ ਤੋਂ ਅਜ਼ਹਰ ਖਾਨ ਨੇ ਵੀ ਸ਼ਮੂਲੀਅਤ ਕੀਤੀ। ਹਰਪਾਲ ਸਿੰਘ ਲੋਹੀ ਦੀ ਅਗਵਾਈ ਵਿੱਚ ਵਾਲੀਬਾਲ ਸਮੈਸ਼ਿੰਗ ਦੀਆਂ ਟੀਮਾਂ ਨੇ ਵੀ ਭਾਗ ਲਿਆ।ਮੁਕਾਬਲੇ 'ਚ ਨਿਊਜੀਲੈਂਡ ਬਲੈਕ ਸਪਾਈਕਸ ਆਕਲੈਂਡ ਨੇ ਪਹਿਲਾ ਨਗਦ ਇਨਾਮ ਤੇ ਟਰਾਫੀ ਜਿੱਤੀ। ਜਦੋਂ ਕਿ ਨਿਊਜੀਲੈਂਡ ਬਲੈਕ ਸਪਾਈਕਸ ਹੈਮਿਲਟਨ ਦੀ ਟੀਮ ਦੂਜੇ ਥਾਂ 'ਤੇ ਰਹੀ। ਟੂਰਨਾਮੈਂਟ ਨੂੰ ਹੋਰ ਰੌਚਕ ਬਣਾਉਣ ਲਈ ਬੱਚਿਆਂ ਦੀਆਂ ਦੌੜਾਂ ਅਤੇ ਔਰਤਾਂ ਲਈ ਮਿਊਜੀਕਲ ਚੇਅਰ ਦੀ ਆਈਟਮ ਵੀ ਕਰਵਾਈ ਗਈ, ਜਿਸ ਪ੍ਰਤੀ ਔਰਤਾਂ ਨੇ ਬਹੁਤ ਹੀ ਉਤਸ਼ਾਹ ਵਿਖਾਇਆ, ਜਿਸ ਲਈ 300, 200 ਅਤੇ 100 ਡਾਲਰ ਨਕਦ ਇਨਾਮ ਦਿੱਤੇ ਗਏ। ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਹਰਵੀਰ ਧਾਲੀਵਾਲ ਬਿਲਾਸਪੁਰ, ਲੱਖਾ ਵਡਾਲਾ, ਜੋਬਨ ਹੈਮਿਲਟਨ, ਪਰਮਜੀਤ ਬੋਲੀਨਾ, ਦਿਲਾਵਰ ਹਰੀਪੁਰ ਨੇ ਰੈਫਰੀ ਦੀਆਂ ਸੇਵਾਵਾਂ ਦਿੱਤੀਆਂ। ਪੰਜਾਬ ਤੋਂ ਆਏ ਪ੍ਰਸਿੱਧ ਕਬੱਡੀ ਕੁਮੈਂਟੇਟਰ ਰੁਪਿੰਦਰ ਜਲਾਲ ਅਤੇ ਫਾਰੂਕ ਅਲੀ ਤੋਂ ਇੱਥੋਂ ਦੇ ਵਾਸੀ ਜਰਨੈਲ ਰਾਹੋਂ ਨੇ ਵੀ ਕਲਾ ਦਾ ਰੰਗ ਵਿਖਾਇਆ। ਇਸ ਮੌਕੇ ਟੌਰੰਗਾ ਸਿੱਖ ਸੁਸਾਇਟੀ ਦੇ ਮੁੱਖ ਬੁਲਾਰੇ ਕਸ਼ਮੀਰ ਸਿੰਘ ਹੇਅਰ, ਪ੍ਰਧਾਨ ਦੇ ਹਰਦੇਵ ਸਿੰਘ ਲਿੱਧੜ, ਜਨਰਲ ਸਕੱਤਰ ਸੁਖਦੇਵ ਸਿੰਘ ਸਮਰਾ,ਹਰਜੀਤ ਸਿੰਘ ਰਾਏ, ਸ਼ਿੰਦਰ ਸਮਰਾ, ਮਨਜਿੰਦਰ ਸਹੋਤਾ, ਭੁਪਿੰਦਰ ਸਿੰਘ ਪਾਸਲਾ, ਤਰਲੋਚਨ ਸਿੰਘ ਕੈਟੀਕੈਟੀ, ਪਰਮਜੀਤ ਸਿੰਘ ਕੈਟੀਕੈਟੀ, ਸੁਦਰਸ਼ਨ ਸਿੰਘ ਸੋਨੀ, ਵਿਕਰਮ ਸਿੰਘ, ਨਰਿੰਦਰ ਸਿੰਘ ਜੌਹਲ, ਕਬੱਡੀ ਫੈਡਰੇਸ਼ਨ ਆਫ ਨਿਊਜ਼ੀਲੈਂਡ ਦੇ ਚੇਅਰਮੈਨ ਪਰਮਜੀਤ ਸਿੰਘ ਪੰਮੀ ਬੋਲੀਨਾ, ਮੁੱਖ ਬੁਲਾਰੇ ਮਨਜਿੰਦਰ ਸਿੰਘ ਬਾਸੀ, ਪ੍ਰਧਾਨ ਇਕਬਾਲ ਸਿੰਘ ਬੋਦਲ, ਵਾਈਸ ਪ੍ਰਧਾਨ ਦਿਲਾਵਰ ਸਿੰਘ, ਗੋਪਾ ਬੈਂਸ, ਦਰਸ਼ਨ ਨਿੱਝਰ, ਜੁਝਾਰ ਸਿੰਘ ਪੰਨੂਮਜਾਰਾ, ਦੀਦਾਰ ਸਿੰਘ ਸੰਧੂ, ਦਵਿੰਦਰ ਬਬਲੂ, ਬਲਬੀਰ ਮੱਦੂ,ਕੰਤਾ ਧਾਲੀਵਾਲ, ਗੋਲਡੀ ਸਹੋਤਾ, ਗੁਰਮੁੱਖ ਸੰਧੂ, ਜਸਕਰਨ ਧਾਲੀਵਾਲ,ਵਿੱਕੀ ਕੂਨਰ,ਰੇਸ਼ਮ ਸਿੰਘ ਬਖ਼ਤਗੜ੍ਹ ਆਦਿ ਹਾਜ਼ਰ ਸਨ। ਅਗਲਾ 11 ਨਵੰਬਰ ਨੂੰ ਟੀਪੁੱਕੀ ਦੀਆਂ ਗਰਾਊਂਡਾਂ ਵਿੱਚ ਹੋ ਰਿਹਾ ਹੈ। ਜਿਸ ਵਿੱਚ ਹੋਰ ਨਵੇਂ ਰੰਗ ਵੇਖਣ ਨੂੰ ਮਿਲਣਗੇ। ਔਰਤਾਂ ਲਈ ਮਿਊਜ਼ੀਕਲ ਚੇਅਰ ਮੁਕਾਬਲੇ 'ਚ ਜੇਤੂ ਔਰਤ ਨੂੰ ਸੋਨੀ ਦੀ ਮੁੰਦੀ ਨਾਲ ਨਿਵਾਜਿਆ ਜਾਵੇਗਾ।

ਚਿਕਨ 'ਚੋਂ ਨਿਕਲੀ ਲੋਹੇ ਦੀ ਵੱਡੀ ਕਿੱਲ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਇਕ Whangarei ਔਰਤ ਨੂੰ ਉਦੋਂ ਝਟਕਾ ਲੱਗਾ ਜਦੋਂ ਉਸ ਨੂੰ ਕਾਉਂਟਡਾਉਨ ਤੋਂ ਖਰੀਦੀ ਚਿਕਨ ਦੇ ਵਿੱਚ ਇਕ ਕਿੱਲ ਮਿਲੀ। ਨਡਿਆ ਪੀਟਰਸਨ ਨੇ ਕੱਲ੍ਹ ਗਰਿੱਲ ਦੇ ਤਹਿਤ ਇਕ ਚਿਕਨ ਪਕਾਇਆ ਸੀ ਅਤੇ ਜਦੋਂ ਉਹ ਖਾਣਾ ਸ਼ੁਰੂ ਕਰਦੀ ਹੈ ਤਾਂ ਉਸਨੂੰ ਇੱਕ ਜੰਗਾਲ ਲੱਗੀ ਕਿੱਲ ਦਿਖਾਈ ਦਿੱਤੀ। ਉਸ ਨੇ ਕਿਹਾ, "ਮੈਂ ਇਸਨੂੰ ਚੁੱਕਿਆ ਅਤੇ ਮੈਂ ਇਸਨੂੰ ਦੇਖ ਕੇ ਰੱਖ ਦਿੱਤਾ ਅਤੇ ਕੁਝ ਸਕਿੰਟਾਂ ਲਈ ਉਸਨੂੰ ਝਟਕਾ ਲੱਗਿਆ। ਫੇਰ ਉਸ ਨੇ ਆਪਣਾ ਭੋਜਨ ਬਾਹਰ ਸੁੱਟ ਦਿੱਤਾ ।" ਫਿਰ ਉਹ ਹਸਪਤਾਲ ਗਈ ਅਤੇ ਉਸ ਨੇ ਆਪਣੇ ਟੈੱਸਟ ਕਰਵਾਏ। ਉਸ ਨੇ ਉਸ ਦੁਕਾਨ 'ਤੇ ਵੀ ਫੋਨ ਕੀਤਾ ਜਿੱਥੋਂ ਉਸ ਨੇ ਚਿਕਨ ਖਰੀਦਿਆ ਸੀ। ਦੁਕਾਨ ਵਾਲੇ ਨੇ ਉਸਨੂੰ ਮੁਆਵਜੇ ਦੀ ਪੇਸ਼ਕਸ਼ ਕੀਤੀ। ਪਰ ਪੀੜਿਤਾ ਦਾ ਕਹਿਣਾ ਹੈ ਕਿ ਮੁਆਵਜੇ ਨਾਲੋਂ ਸਪੱਸ਼ਟੀਕਰਨ ਦੇਣਾ ਚੰਗਾ ਹੈ, ਕਿ ਅਜਿਹਾ ਆਖਰ ਹੋਇਆ ਕਿਵੇਂ। ਕਾਉਂਟਡਾਉਨ ਦੇ ਇਕ ਬੁਲਾਰੇ ਕਿਹਾ "ਖੁਰਾਕ ਦੀ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਅਸੀਂ ਸ਼ਿਕਾਇਤਾਂ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ. ਇਸ ਬਾਰੇ ਸੁਪਰ ਮਾਰਕੀਟ ਨੇ ਪੁਸ਼ਟੀ ਕੀਤੀ ਕਿ ਕੱਲ੍ਹ ਰਾਤ 7 ਵਜੇ ਉਸ ਨਾਲ ਸੰਪਰਕ ਕੀਤਾ ਗਿਆ ਸੀ, ਅਤੇ ਹੁਣ ਇਹ ਚਿਕਨ ਅਤੇ ਮੇਖ ਦੀ ਜਾਂਚ ਕਰੇਗਾ ਇਸ ਤੋਂ ਪਹਿਲਾਂ ਪੁਲਿਸ ਨੇ ਸਤੰਬਰ ਤੋਂ ਇਕ ਜਾਂਚ ਸ਼ੁਰੂ ਕੀਤੀ ਸੀ ਜਦੋਂ ਆਸਟਰੇਲੀਆ ਤੋਂ ਆਯਾਤ ਕੀਤੇ ਗਏ ਇਕ ਸਟਰਾਬਰੀ ਦੇ ਅੰਦਰ ਇਕ ਸੂਈ ਲੱਗੀ ਸੀ, ਪੁਲਿਸ ਨੇ ਕਿਹਾ ਕਿ ਉਹ ਹੁਣ ਇਹ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੌਣ ਜ਼ਿੰਮੇਵਾਰ ਹੈ।

ਆਕਲੈਂਡ ਦੇ ਟਰੱਕ ਡਰਾਈਵਰ ਕਰਨਗੇ 15 ਨੂੰ ਹੜਤਾਲ

ਆਕਲੈਂਡ (ਅੱਨ ਜੈੱਡ ਤਸਵੀਰ ਬਿਊਰੋ) ਵੱਧ ਰਹੇ ਪੈਟਰੋਲ ਦੇ ਭਾਅ ਦੇ ਚੱਲਦਿਆਂ ਆਕਲੈਂਡ ਦੇ ਟਰੱਕ ਡਰਾਈਵਰਾਂ ਵਲੋਂ ਆਉਂਦੀ 15 ਨਵੰਬਰ ਤੋਂ ਹੜਤਾਲ ਕਰਨ ਦਾ ਫੈਸਲਾ ਲਿਆ ਹੈ ? ਨੈਸ਼ਨਲ ਰੋਡ ਕੈਰੀਅਰਜ਼ ਐਸੋਸੀਏਸ਼ਨ ਦੇ ਚੀਫ ਐਗਜ਼ੀਕਿਊਟਿਵ ਕ੍ਰੋਸ ਐਟਕੇਨ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੈਟਰੋਲ ਦੀਆਂ ਕੀਮਤਾਂ ਵੱਧਣ ਦੇ ਚੱਲਦਿਆਂ ਉਨਾਂ ਨੂੰ ਕਾਰੋਬਾਰ ਵਿੱਚ ਕਾਫੀ ਘਾਟਾ ਪੈ ਰਿਹਾ ਹੈ ? ਜਿਸਦੇ ਚੱਲਦਿਆਂ ਉਹ ਹੜਤਾਲ ਕਰਨ ਨੂੰ ਮਜਬੂਰ ਹੋ ਗਏ ਹਨ ? ਉਨਾਂ ਇਹ ਵੀ ਦੱਸਿਆ ਕਿ ਪਿਛਲੀ 26 ਅਕਤੂਬਰ ਨੂੰ ਨਿਊਜ਼ੀਲੈਂਡ ਵਾਸੀਆਂ ਵਲੋਂ ਹੜਤਾਲ ਕੀਤੀ ਜਾ ਚੁੱਕੀ ਹੈ, ਪਰ ਇਸਦਾ ਤੇਲ ਕੰਪਨੀਆਂ ਤੇ ਜਿਆਦਾ ਅਸਰ ਦੇਖਣ ਨੂੰ ਨਹੀਂ ਮਿਲਿਆ ਹੈ ? ਜਿਸਦੇ ਚੱਲਦੇ ਉਹ ਦੁਬਾਰਾ ਹੜਤਾਲ ਕਰਨਗੇ ਅਤੇ ਜੇਕਰ ਇਸਦਾ ਵੀ ਕੋਈ ਅਸਰ ਨਾ ਦਿਖਾਈ ਦਿੱਤਾ ਤਾਂ ਆਉਂਦੇ ਸਮੇਂ ਵਿੱਚ ਉਹ ਹੋਰ ਵੀ ਹੜਤਾਲਾਂ ਕਰਨਗੇ